ਈ-ਮੇਲ ਅਤੇ ਵੈਬ ਸਾਈਟ ਰਾਹੀਂ                                                  ਮਿਤੀ ਬੱਧ/ਅਤਿ ਜਰੂਰੀ

# ਦਫ਼ਤਰ ਜਿਲ੍ਹਾ ਸਿੱਖਿਆ ਅਫ਼ਸਰ (ਸੈ:ਸਿ:) ਅੰਮ੍ਰਿਤਸਰ।

ਵੱਲ,

ਸਮੂਹ ਕਲੱਸਟਰ ਮੁੱਖੀ,
ਸ:ਸ:ਸ:ਸ: ਜਿਲ੍ਹਾ ਅੰਮ੍ਰਿਤਸਰ।

ਪੱਤਰ ਨੰ: ਜੀ-3/2018/2090                    ਮਿਤੀ:-2/1/18

ਵਿਸ਼ਾ:- 8th ਰਾਸ਼ਟਰੀ ਵੋਟਰ ਦਿਵਸ, 25 ਜਨਵਰੀ 2018- ਸਕੂਲ ਦੇ ਵਿਦਿਆਰਥੀਆਂ ਦੇ ਵੱਖ-ਵੱਖ ਮੁਕਾਬਲੇ ਕਰਵਾਉਣ ਸਬੰਧੀ

ਹਵਾਲਾ:- ਜਿਲ੍ਹਾ ਚੋਣ ਅਫ਼ਸਰ-ਕਮ-ਡਿਪਟੀ ਕਮਿਸ਼ਨਰ, ਅੰਮ੍ਰਿਤਸਰ ਜੀ ਦੇ ਪੱਤਰ ਨੰ: ਚੋਣ-2018/07 ਮਿਤੀ 1/1/2018 ਦੇ ਸਬੰਧ ਵਿੱਚ।

ਉਪਰੋਕਤ ਵਿਸ਼ੇ ਅਤੇ ਹਵਾਲਾ ਅਧੀਨ ਪੱਤਰ ਦੇ ਸਬੰਧ ਵਿੱਚ ਆਪ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਭਾਰਤ ਚੋਣ ਕਮਿਸ਼ਨ ਜੀ ਦੀਆਂ ਹਦਾਇਤਾਂ ਅਨੁਸਾਰ 8ਵਾਂ ਰਾਸ਼ਟਰੀ ਵੋਟਰ ਦਿਵਸ ਮਨਾਇਆ ਜਾ ਰਿਹਾ ਹੈ। ਇਸ ਲਈ ਆਪ ਨੂੰ ਲਿਖਿਆ ਜਾਂਦਾ ਹੈ ਕਿ ਚੋਣ ਗਤੀਵਿਧੀਆਂ ਨਾਲ ਸਬੰਧ ***ਭਾਸ਼ਣ ਮੁਕਾਬਲੇ/ਲੇਖ ਲਿਖਣ ਮੁਕਾਬਲੇ/ਸਲੋਗਣ ਮੁਕਾਬਲੇ ਅਤੇ ਚਿੱਤਰਕਾਰੀ ਮੁਕਾਬਲੇ*** ਆਦਿ ਕਰਵਾਏ ਜਾਣ ਅਤੇ ਇਹਨਾਂ ਮੁਕਾਬਲਿਆਂ ਵਿੱਚ ਪਹਿਲੀ, ਦੂਸਰੀ ਅਤੇ ਤੀਸਰੀ ਪੁਜੀਸ਼ਨ ਹਾਸ਼ਲ ਕਰਨ ਵਾਲੇ ਵਿਦਿਆਰਥੀਆਂ ਨੂੰ ਮਿਤੀ 25 ਜਨਵਰੀ 2018 ਨੂੰ ਨੈਸ਼ਨਲ ਵੋਟਰ ਡੇ ਵਾਲੇ ਦਿਨ ਸਨਮਾਨਿਤ ਕੀਤਾ ਜਾਵੇਗਾ।

ਇਸ ਲਈ ਆਪ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਆਪਣੇ ਕਲੱਸਟਰ ਅਧੀਨ ਆਉਂਦੇ ਸਮੂਹ ਸਕੂਲਾਂ ਦੇ ***ਕਲੱਸਟਰ ਲੈਵਲ ਤੇ ਭਾਸ਼ਣ ਮੁਕਾਬਲੇ/ਲੇਖ ਲਿਖਣ ਮੁਕਾਬਲੇ/ਸਲੋਗਣ ਮੁਕਾਬਲੇ ਅਤੇ ਚਿੱਤਰਕਾਰੀ ਮੁਕਾਬਲੇ ਆਦਿ ਮਿਤੀ 08/01/2018 ਨੂੰ ਕਰਵਾਏ ਜਾਣ ਜੋ ਵਿਦਿਆਰਥੀ ਕਲੱਸਟਰ ਪੱਧਰ ਤੇ ਪਹਿਲੀ ਦੂਸਰੀ ਅਤੇ ਤੀਸਰੀ ਪੁਜੀਸ਼ਨ ਤੇ ਆਏ ਹਨ ਉਹਨਾਂ ਦੇ ਜਿਲ੍ਹਾ ਲੈਵਲ ਦੇ ਮੁਕਾਬਲੇ ਮਿਤੀ 12/01/2018 ਨੂੰ ਸਵੇਰੇ 10 ਵਜੇ ਸ:ਕੰ:ਸ:ਸ:ਸ: ਮਹਾਂ ਸਿੰਘ ਗੇਟ (ਨੇੜੇ ਸਿਵਾਲਾ) ਵਿਖੇ ਕਰਵਾਏ ਜਾਣਗੇ।***

ਜਿਲ੍ਹਾ ਪੱਧਰ ਤੇ ਪਹਿਲੀ, ਦੂਸਰੀ ਅਤੇ ਤੀਸਰੀ ਪੁਜੀਸ਼ਨ ਤੇ ਆਏ ਵਿਦਿਆਰੀਆਂ ਨੂੰ 25 ਜਨਵਰੀ 2018 ਨੂੰ ਕਰਵਾਏ ਜਾ ਰਹੇ ਵੋਟਰ ਦਿਵਸ ਤੇ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਜੀ ਵੱਲੋਂ ਸਨਮਾਨਿਤ ਕੀਤਾ ਜਾਵੇਗਾ।

**ਪ੍ਰੋਫ਼ਾਰਮਾਂ**

| ਸਕੂਲ ਦਾ ਨਾ | ਮੁਕਾਬਲੇ ਦਾ ਵੇਰਵਾ | ਮੁਕਾਬਲੇ ਕਰਵਾਉਣ ਦੀ ਮਿਤੀ ਦਾ ਵੇਰਵਾ | ਕਲੱਸਟਰ ਲੈਵਲ ਤੇ ਭਾਗ ਲੈਣ ਵਾਲੇ ਵਿਦਿਆਰਥੀ ਦਾ ਨਾਂ | ਪਹਿਲੀ, ਦੂਸਰੀ ਅਤੇ ਤੀਸਰੀ ਪੁਜੀਸ਼ਨ ਹਾਸ਼ਲ ਕਰਨ ਵਾਲੇ ਵਿਦਿਆਰਥੀ: ਦਾ ਨਾਂ ਅਤੇ ਮੋਬਾਇਲ ਨੰ: |
|---|---|---|---|---|
| | | | | |

ਸ:/-
ਜਿਲ੍ਹਾ ਸਿੱਖਿਆ ਅਫ਼ਸਰ (ਸੈ:ਸਿ:)
ਅੰਮ੍ਰਿਤਸਰ

ਪਿੱਠ ਅੰਕਣ ਨੰ: ਉਕਤ:                                        ਮਿਤੀ:-

1. ਇਸਦਾ ਉਤਾਰਾ ਪ੍ਰਿੰਸੀਪਲ ਸ:ਕੰ:ਸ:ਸ:ਸ: ਮਹਾਂ ਸਿੰਘ ਗੇਟ ਅੰਮ੍ਰਿਤਸਰ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਜਿਲ੍ਹਾ ਲੈਵਲ ਦਾ ਮੁਕਾਬਲਾ ਮਿਤੀ 12/01/2018 ਨੂੰ ਜੋ ਕਿ ਆਪਦੇ ਸਕੂਲ ਵਿੱਚ ਕਰਵਾਇਆ ਜਾ ਰਿਹਾ ਹੈ ਉਸ ਵਿੱਚ ਜੱਜਾਂ ਅਤੇ ਹੋਰ ਦਾ ਪ੍ਰਬੰਧ ਆਪਣੇ ਪੱਧਰ ਤੇ ਕਰ ਲਿਆ ਜਾਵੇ ਅਤੇ ਪਹਿਲੀ, ਦੂਸਰੀ ਅਤੇ ਤੀਸਰੀ ਪੁਜੀਸ਼ਨ ਹਾਸ਼ਲ ਕਰਨ ਵਾਲੇ ਵਿਦਿਆਰਥੀਆਂ ਦੇ ਨਾਮ ਉਪਰ ਦਿੱਤੇ ਪ੍ਰੋਫ਼ਾਰਮੇਂ ਤੇ ਉਸੇ ਦਿਨ ਹੀ ਸਮੇਤ ਮਟੀਰੀਅਲ ਇਸ ਦਫ਼ਤਰ ਵਿਖੇ ਜਮ੍ਹਾਂ ਕਰਵਾਏ ਜਾਣ।
2. ਆਈ.ਸੀ.ਟੀ. ਕੋਆਰਡੀਨੇਟਰ ਨੂੰ **ਵੈਬ ਸਾਈਟ** ਤੇ ਪਾਉਣ ਲਈ ਭੇਜਿਆ ਜਾਂਦਾ ਹੈ।
3. ਜਿਲ੍ਹਾ ਚੋਣ ਅਫ਼ਸਰ-ਕਮ-ਡਿਪਟੀ ਕਮਿਸ਼ਨਰ, ਅੰਮ੍ਰਿਤਸਰ ਜੀ ਦੇ ਪੱਤਰ ਨੰ: ਚੋਣ-2018/07 ਮਿਤੀ 1/1/2018 ਦੇ ਸਬੰਧ ਵਿੱਚ।

ਜਿਲ੍ਹਾ ਸਿੱਖਿਆ ਅਫ਼ਸਰ (ਸੈ:ਸਿ:)
ਅੰਮ੍ਰਿਤਸਰ